ਇਕ ਸੁਫ਼ਨਾ

ਭਾਗ 4

ਇਕ ਅਣਜਾਣ ਛੋਹ।।।

ਹੈ ਅਹਿਸਾਸ ਤੇਰਾ ਮੈਨੂੰ
ਮੇਰੇ ਕਰੀਬ ਹੋਣ ਦਾ
ਜਿਸਮ ਨੀ ਤੂੰ ਰੂਹ ਹੈ ਮੇਰੀ
ਤਾਂ ਫ਼ਿਕਰ ਕਾਹਦਾ ਖੋਹਣ ਦਾ।
ਹੈ ਇਕੋ ਇਕ ਮੰਗ ਮੇਰੀ
ਦੇ ਹੱਕ ਮੈਨੂੰ ਚਾਹੁੰਣ ਦਾ।
ਇਕ ਸੁਪਨਾ ਨੀ , ਤੂੰ ਬਣ ਹਕੀਕਤ
ਕਰ ਜ਼ਹਿਮਤ ਆ ਖਲੌਂਣ ਦਾ।
ਹੈ ਅਹਿਸਾਸ ਤੇਰਾ ਮੈਨੂੰ
ਮੇਰੇ ਕਰੀਬ ਹੋਣ ਦਾ।
ਮੇਰੀ ਸ਼ਿੱਦਤ ਪਾਕ ਮੋਹੱਬਤ
ਤਾਂ ਇਹ ਸਫ਼ਰ ਕਦੇ ਮੁੱਕਿਆ ਨੀ।
ਸਿਰਫ ਤੇਰੇ ਵਲ ਤੁਰਿਆ ਮੈ
ਰਾਹ ਚ ਕਿੱਧਰੇ ਰੁਕਿਆ ਨੀ।
ਤੂੰ ਚਾਹੁੰਦੀ ਸੀ , ਮੈਂ ਹਾਰਾਂ ਨਾ
ਸਿਰ ਹਾਲੇ ਤਾਈਂ ਝੁਕਿਆ ਨੀ।
ਮਿਲਦੀ ਤੋਹਮਤ ਅੱਜ ਵੀ ਹਿਤੇਸ਼ ਨੂੰ
ਪਰ ਲਿਖਦਿਆ ਓਹਨੇ  ਸੋਚੇਆ ਨੀ।
ਕਦੇ ਤਾਂ ਹੋਣੀ ਖ਼ਬਰ ਵੀ ਤੈਨੂੰ
ਕੀ ਫਾਇਦਾ ਹਾਲ ਲੁਕੋਣ ਦਾ।


Edit with WPS Office

ਅਣਜਾਣ ਸਫ਼ਰ ਤੇ ਅਣਜਾਣ ਬਣਕੇ ਹੀ ਮਿਲਣਾ।

ਨਾ ਫਾਇਦਾ ਅੱਖ ਭਿਗੋਨ ਦਾ।

ਫੇਰ ਵੀ ਅਹਿਸਾਸ ਤੇਰਾ ਮੈਨੂੰ

ਮੇਰੇ ਕਰੀਬ ਹੋਣ ਦਾ।।

ਤੇ ਅੱਜ ਇਕ ਨਵੀਂ ਛੋਹ ਨੇ ਅਹਿਸਾਸ ਕਰਵਾਇਆ

ਮੇਰੇ ਕਰੀਬ ਹੋਣ ਦਾ।।

"ਇਕ ਸੁਪਨਾ " ਨੀ , ਤੂੰ ਬਣ ਹਕੀਕਤ

ਕਰ ਜ਼ਹਿਮਤ ਆ ਖਲੌਣ ਦਾ।

ਇਕ ਸੁਫ਼ਨਾ

ਕਹਾਣੀ |

ਅਗਲੀ ਸਵੇਰ ਹੋਈ ਤੇ ਦੋਨੋਂ ਨਰਸਾਂ ਆਪਸ ਵਿਚ ਗੈਰੀ ਨੂੰ ਵੇਖ ਗੱਲਾਂ ਕਰ ਰਹੀਆਂ ਹੁੰਦੀਆਂ ਨੇ |

ਪਹਿਲੀ ਨਰਸ - ਕਿਹਾ ਸੀ ਨਾ ਮੈਂ ਤੈਨੂੰ ਬਹੁਤਾ ਮੋਹ ਨਾ ਪਾਅ ਇਹਦੇ ਨਾਲ | ਇਹ ਸਿਰਫ ਮਰੀਜ਼ ਹੀ ਤਾਂ ਹੈ | ਡਾਕਟਰ ਸਾਬ ਨੇ ਹੁਣ ਅੱਜ ਕਲ ਵਿਚ ਇਹਨੂੰ ਛੁੱਟੀ ਵੀ ਦੇਣੀ ਤੇ ਇਹਨੇ ਘਰ ਚਲੇ ਜਾਣਾ ਆਪਣੇ ਮਾਪਿਆ ਕੋਲ |

ਦੂਸਰੀ ਨਰਸ - ਪਤਾ ਮੈਨੂੰ ਸਭ | ਪਰ ਵੇਖ ਤਾਂ ਸਹੀ , ਮੇਰਾ ਇਹਦੇ ਨਾਲੋ ਹੁਣ ਮੋਹ ਹੀ ਨੀ ਟੁੱਟ ਰਿਹਾ | ਇਹਦਾ ਰਾਤ ਭਰ ਰੋਣਾ ਚਿੱਲਾਉਣਾ ਮੈਨੂੰ ਅੰਦਰੋ ਚੀਰ ਕੇ ਰੱਖ ਗਿਆ ਤੇ ਹੁਣ ਇਹਦੀ ਚੁੱਪ ਮੈਨੂੰ ਅੰਦਰੋ ਅੰਦਰੀ ਖਾਈ ਜਾ ਰਹੀ ਹੈ | ਪਤਾ ਨੀ ਇਹਨੇ ਕਦ ਠੀਕ ਹੋਣਾ | ਮੈਂ ਸਵੇਰੇ ਇਹਦੇ ਨਾਲ ਗੱਲ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ , ਪਰ ਇਹਨੇ ਕੋਈ ਜਵਾਬ ਨੀ ਦਿੱਤਾ | ਦੇਖ ਤਾਂ ਸਹੀ ਤੂੰ ਵੀ ਇਹਦੇ ਚੇਹਰੇ ਵਲ ਨੂੰ , ਕਿੰਨਾ ਉਦਾਸ ਹੈ |

ਤੇ ਇੰਨੇ ਨੂੰ ਡਾਕਟਰ ਸਾਹਿਬ ਕਮਰੇ ਵਿਚ ਆਏ ਤੇ ਦੂਸਰੀ ਨਰਸ ਨੂੰ ਇਕੱਲਿਆ ਬੁਲਾ ਕੇ ਪੁੱਛਣ ਲੱਗੇ |

ਡਾਕਟਰ - ਕੀ ਹਾਲਤ ਹੈ ਹੁਣ ਮਰੀਜ਼ ਦੀ ? ਦਵਾਈ ਦਿੱਤੀ ਸੀ ਟਾਈਮ ਨਾਲ ਤੁਸੀ |

ਨਰਸ - ਜੀ ਸਰ, ਮੈਂ ਦੇਣ ਦੀ ਕੋਸ਼ਿਸ਼ ਕੀਤੀ ਸੀ ਮਗਰ

ਡਾਕਟਰ - ਕੀ ਮਗਰ ?

ਨਰਸ - ਜੀ , ਮਰੀਜ਼ ਨੇ ਦਵਾਈ ਤਾਂ ਨਹੀਂ ਖਾਈ ਪਰ ਮੈਂ ਇੰਜੈਕਸ਼ਨ ਦੇ ਦਿੱਤਾ ਸੀ ਸਮੇਂ ਸਿਰ | ਪਰ ਸਰ ਇਹ



Edit with WPS Office

ਸਵੇਰ ਦੇ ਬਿਨਾ ਪਲਕ ਝਪਕਾਏ ਕੈਲੰਡਰ ਵਲ ਨੂੰ ਵੇਖ ਰਹੇ ਨੇ ਤੇ ਹੁਣ ਚੁੱਪ ਨੇ |

ਡਾਕਟਰ - ਮੈਂ ਸਮਝ ਸਕਦਾ | ਕੋਈ ਨਾ ਮੈਂ ਵੇਖਦਾ |

ਇਹਦੇ ਬਾਅਦ ਡਾਕਟਰ ਸਿੱਧਾ ਗੈਰੀ ਦੇ ਕੋਲ ਨੂੰ ਹੁੰਦੇ ਨੇ ਤੇ ਕੋਲ ਬੈਠ ਕੇ ਗੈਰੀ ਨੂੰ ਬੁਲਾਉਣਾ ਸ਼ੁਰੂ ਕਰਦੇ ਨੇ |

ਡਾਕਟਰ - ਗੁਰਵਿੰਦਰ ਜੀ | ਕਿਵੇਂ ਹੋ ਤੁਸੀ ?

ਪਰ ਗੈਰੀ ਕੋਈ ਜਵਾਬ ਨੀ ਦੇਂਦਾ | ਓਹ ਬੱਸ ਆਪਣੇ ਹੀ ਖਿਆਲਾਂ ਵਿਚ ਗੁੰਮ ਉਦਾਸ ਹੋਇਆ ਚੁੱਪ ਕਰੀ ਬੈਠਾ ਰਿਹਾ |

ਡਾਕਟਰ ਨੇ ਜਾਣ ਬੁੱਝ ਕੇ ਕੁਝ ਰਿਪੋਰਟ ਦੇ ਪੰਨ੍ਹੇ ਪਲਟੇ ਤੇ ਦੋਬਾਰਾ ਓਸ ਕੋਲ ਹੋਏ |

ਡਾਕਟਰ - ਗੁਰਵਿੰਦਰ ਜੀ , ਹੁਣ ਤੁਹਾਡੀਆਂ ਰਿਪੋਰਟਾਂ ਬਿਲਕੁਲ ਸਹੀ ਨੇ ਤੇ ਮੈਨੂੰ ਲਗਦਾ ਕੇ ਹੁਣ ਤੁਹਾਨੂੰ ਘਰ ਭੇਜ ਦੇਣ ਚਾਹੀਦਾ ਹੈ |

ਗੈਰੀ ਇਹ ਸੁਣ ਕੇ ਹਾਲੇ ਵੀ ਖਾਮੋਸ਼ ਰਿਹਾ |

ਡਾਕਟਰ ਨੇ ਕੁਝ ਹੋਰ ਨਾ ਕਿਹਾ ਕਿਉਂਕਿ ਓਹਨੂੰ ਪਤਾ ਸੀ ਕੇ ਮਰੀਜ਼ ਹਾਲੇ ਵੀ ਆਪਣੇ ਅਸਲੀ ਹੋਸ਼ ਵਿਚ ਨਹੀਂ ਹੈ |

ਡਾਕਟਰ - ਠੀਕ ਹੈ ਗੁਰਵਿੰਦਰ ਜੀ , ਤੁਹਾਡੇ ਘਰਵਾਲੇ ਅੱਜ ਆਉਣਗੇ ਤੁਹਾਨੂੰ ਮਿਲਣ , ਤੁਹਾਡੇ ਮਾਤਾ ਪਿਤਾ , ਭਾਈ ਭੈਣ ਸਾਰੇ | ਤੁਸੀ ਓਹਨਾ ਨੂ ਬੁਲਾਉਣਾ ਹੈ ਨਾ |

ਗੈਰੀ ਹਾਲੇ ਵੀ ਖਾਮੋਸ਼ ਸੀ |

ਡਾਕਟਰ ਕੋਲ ਹੁਣ ਕਹਿਣ ਨੂੰ ਕੁਝ ਨਹੀਂ ਸੀ ਤਾਂ ਓਹ ਕੁਝ ਚਿਰ ਹੋਰ ਬੈਠ ਗੈਰੀ ਵਲ ਨੂੰ ਦੇਖਿਆ ਤੇ ਅੰਤ ਉੱਠ ਕੇ ਓਸੇ ਦੂਸਰੀ ਨਰਸ ਨੂੰ ਕੋਲ ਬੁਲਾ ਕੇ ਰਿਪੋਰਟ ਓਹਦੇ ਹੱਥ ਵਿਚ ਫੜਾਈ ਤੇ ਬੋਲਿਆ ਕੇ

ਡਾਕਟਰ - ਮਰੀਜ਼ ਦੇ ਘਰ ਜਾਣ ਦਾ ਵਕ਼ਤ ਹੋ ਚੁੱਕਿਆ |

ਜਿਵੇਂ ਹੀ ਡਾਕਟਰ ਖੜਾ ਹੋਇਆ ਤੇ ਜਾਣ ਹੀ ਲਗਾ ਸੀ ਕੇ ਗੈਰੀ ਬੋਲ ਪਿਆ |

ਗੈਰੀ - ਡਾਕਟਰ ਸਾਬ , " ਕਿਹੜਾ ਘਰ " , ਮੇਰਾ ਘਰ ਕਿਥੇ ਹੈ ? ਕਿਆ ਮੇਰਾ ਕੋਈ ਘਰ ਵੀ ਹੈ ? "

ਡਾਕਟਰ ਇਹ ਸ਼ਬਦ ਸੁਣ ਕੇ ਕੁਝ ਚਿਰ ਬੇਸੁੱਧ ਹੋ ਕੇ ਖੜਾ ਰਿਹਾ |



Edit with WPS Office

ਹੁਣ ਮੇਰੀ ਵਾਰੀ , ਕਈ ਵਾਰ ਕਿਸੇ ਦੀ ਉਮਰ ਲੰਘ ਜਾਂਦੀ ਇਕ ਘਰ ਖੜਾ ਕਰਦਿਆ ਨੂੰ , ਦੀਵਾਰਾਂ ਖੜੀਆਂ ਕਰਦਿਆ ਨੂੰ , ਤੇ ਓਹ ਕਰ ਵੀ ਲੈਂਦੇ ਨੇ ਤੇ ਖੁਸ਼ੀ ਖੁਸ਼ੀ ਓਸੇ ਛੋਟੇ ਜਾ ਵੱਡੇ ਘਰ ਵਿਚ ਆਪਣਾ ਜੀਵਨ ਬਤੀਤ ਕਰਦੇ ਨੇ , ਪਰ ਜਦਕਿ ਕਈ ਲੋਕ ਵੱਡੇ ਵੱਡੇ ਮਹਿਲ ਮੁਣਾਰਿਆ , ਆਸ਼ਿਆਨੇਯਾ ਵਿਚ ਵੀ ਖੁਸ਼ੀ ਹਾਸਿਲ ਨਹੀਂ ਕਰ ਪਾਉਂਦੇ , ਕਿਉਂਕਿ ਓਸ ਵਿਚ ਲੋਕ ਨੀ ਵਸਦੇ , ਜਾ ਵਸਣ ਵਾਲੇ ਲੋਕ ਇਕ ਦੂਸਰੇ ਤੋਂ ਭਿੰਨ ਭਿੰਨ ਹੋ ਕੇ ਰਹਿੰਦੇ ਨੇ | ਕਹਿਣ ਦਾ ਭਾਵ , ਵੱਡੇ ਵੱਡੇ ਮਹਿਲ ਮੁਨਾਰੇ ਤੇ ਓਹ ਕੰਧਾ ਨਾਲ ਉੱਸਰੇ ਘਰ , ਕਿਸ ਕੰਮ ਦੇ ਜਦ ਓਸ ਵਿਚ ਘਰ ਦੇ ਜਨ ਪਿਆਰ ਨਾਲ ਨਾ ਵੱਸਣ |

ਘਰ ਇੱਟਾਂ ਦੀਵਾਰਾਂ , ਮਹਿੰਗੀ ਵਸਤਾਂ , ਨਾਲ ਨਹੀਂ ਬਣਦੇ , ਇਹ ਬਣਦੇ ਨੇ ਪਰਿਵਾਰ ਨਾਲ , ਇਕ ਦੂਸਰੇ ਦੇ ਆਦਰ ਸਤਿਕਾਰ ਨਾਲ |

ਹੁਣ ਗੈਰੀ ਨੇ ਇੰਨੀ ਮੇਹਨਤ ਨਾਲ ਘਰ ਬਣਾਇਆ ਜਿਸ ਵਿਚ ਓਹ ਤੇ ਓਹਦੀ ਘਰਵਾਲ਼ੀ ਨਾਲ ਬੱਚਾ ਵੀ ਸੀ | ਸਾਰੇ ਖੁਸ਼ ਸਨ , ਪਰ ਹੁਣ ਓਹ ਘਰ ਹੈ ਕਿਥੇ ? ਸਿਰਫ ਦੀਵਾਰਾਂ ਖੜੀਆਂ ਨੇ ਤੇ ਓਹਦੇ ਪਰਿਵਾਰ ਦੇ ਲੋਕ ਗਾਇਬ ਨੇ |

ਹੁਣ ਤੁਹਾਡੇ ਵਿੱਚ ਵੀ ਕਈ ਲੋਕਾਂ ਨੇ ਸੋਚਣਾ ਕੇ ਓਹ ਆਪਣੇ ਮਾਪਿਆ ਕੋਲ ਜਾਵੇ , ਓਹਨਾ ਦੇ ਨਾਲ ਰਹੇ , ਪਰ ਓਹਦਾ ਅਸਲ ਘਰ ਤਾਂ ਮਾਪਿਆ ਮਾਰਗੋ ਓਹਦੀ ਘਰਵਾਲ਼ੀ ਤੇ ਬੱਚੇ ਨਾਲ ਹੀ ਸਨ , ਸ਼ਹਿਰ ਵਿਚ, ਜੋ ਅਜ ਤਿੰਨ ਸਾਲ ਬਾਅਦ ਖਾਲੀ ਪਿਆ ਸੀ |

ਅਸਲ ਵਿੱਚ ਮੈਂ ਅੱਜ ਆਹੀ ਕਹਿਣਾ ਚਾਹੁੰਦਾ ਕੇ ਵੱਡੇ ਘਰ ਬਣਾਉਣ ਨਾਲੋ ਹਰ ਵਿਚ ਰਿਸ਼ਤੇ ਵੱਡੇ ਬਣਾਓ | ਫਰਨੀਚਰ , ਬਗੀਚੇ , ਝੂਮਰ ਹੋਰ ਵੀ ਸੁਵਿਧਾਵਾਂ ਕਿਸ ਕੰਮ ਦੀਆਂ ਜਦ ਓਸ ਓਸ ਘਰ ਵਿਚ ਇਨਸਾਨ ਹੀ ਨਾ ਵਸਣ , ਜਾ ਫੇਰ ਵਸਦੇ ਬਹੁਤ ਸਾਰੇ ਹੋਣ ਪਰ ਆਪਸੀ ਮਿਲਵਰਤਣ ਦੀ ਭਾਵਨਾ ਤੇ ਸਤਿਕਾਰ ਨਾਂਮਾਤਰ ਹੀ ਹੋਵੇ |

ਇਕ ਵਾਰ ਤੁਸੀ ਵੀ ਖੁਦ ਨਾਲ ਕਰਕੇ ਵੇਖਣਾ ਕਦੇ ਆਹੀ ਸਵਾਲ ਕੇ

"ਘਰ ਕਿਥੇ ਹੈ ? "

ਹੁਣ ਡਾਕਟਰ ਨੇ ਗੈਰੀ ਦਾ ਹੱਥ ਫੜਿਆ ਤੇ ਓਹਨੂੰ ਆਪਣੇ ਨਾਲ ਲੈਅ ਕੇ ਤੁਰ ਪਿਆ ਆਪਣੇ ਕੈਬਿਨ ਵਿਚ |

ਡਾਕਟਰ - ਬੈਠੋ ਮੇਰੇ ਸਾਹਮਣੇ |

ਤੇ ਡਾਕਟਰ ਹੁਣ ਓਹਨੂੰ ਕਹਿਣਾ ਸ਼ਾਇਰ ਕਰਦਾ |

" ਬੇਟਾ ਜੀ , ਮੈਂ ਤੁਹਾਡਾ ਦੁੱਖ ਸਮਝ ਸਕਦਾ | ਜਿਸ ਭਾਵ ਜਿਸ ਹਾਲਾਤ ਵਿੱਚੋ ਤੁਸੀ ਲੰਘ ਰਹੇ ਹੋ ਮੈਂ ਜਾਣ ਸਕਦਾ | ਤਾਂ ਮੈਂ ਕੁਝ ਨੀ ਕਹਿਣਾ | ਬਹੁਤ ਵਕ਼ਤ ਪਹਿਲਾ ਮੇਰੀ ਇਕ ਬੇਟੀ ਸੀ , ਜੋ ਅਜ ਨਹੀਂ ਹੈ | ਇਕ ਜਾਨਲੇਵਾ ਬਿਮਾਰੀ ਨੇ ਓਹਨੂੰ ਲੀਣ ਲਿਆ ਸੀ | ਮੈਂ ਅੱਜ ਵੀ ਘਰ ਜਾਂਦਾ ਤਾਂ ਓਹ ਸਭ ਯਾਦ ਆਉਂਦਾ | ਮੇਰੀ ਬੇਟੀ ਨਹੀਂ ਹੈ


Edit with WPS Office

ਹੁਣ | ਮੈਨੂੰ ਪਤਾ ਕੇ ਇਹ ਦੁੱਖ ਦੀ ਭਰਪਾਈ ਨਹੀਂ ਹੋ ਸਕਦੀ | ਚਲੋ ਮੇਰਾ ਦੁੱਖ ਤਾਂ ਇਕ ਪਾਸੇ ਰਿਹਾ , ਮੇਰੀ ਪਤਨੀ,  ਓਸੇ ਨੇ ਤਾਂ ਘਰ ਵਿਚ ਸਮਾ ਬਤੀਤ ਕਰਨਾ ਹੁੰਦਾ | ਓਸੇ ਘਰ ਵਿਚ , ਜਿੱਥੇ ਮੈਂ ਰੋਜ ਜਾਉਣ ਤੋ ਕਤਰਾਉਂਦਾ | ਜੇਕਰ ਮੇਰੇ ਲਈ ਔਖਾ ਤਾਂ ਓਹਦੇ ਲਈ ਕਿੰਨਾ ਔਖਾ ਹੋਣਾ | ਪਰ ਇਹਦਾ ਮਤਲਬ ਆਹ ਤਾਂ ਨਹੀਂ ਕੇ ਅਸੀ ਹੁਣ ਜੀਣਾ ਛੱਡ ਦੇਈਏ | ਮੈਂ ਆਪਣੀ ਘਰਵਾਲੀ ਦਾ ਖਿਆਲ ਰੱਖਦਾ ਤੇ ਓਹ ਮੇਰਾ | ਅਸੀ ਦੋਵੇ ਸਮਾ ਕੱਟ ਰਹੇ ਹਾਂ | ਇਹ ਦੋਨੋਂ ਨਰਸਾਂ ਤੇ ਹੋਰ ਵੀ ਸਟਾਫ ਨੇ , ਇਹ ਮੇਰੇ ਬੇਟੇ ਬੇਟੀਆਂ ਵਰਗੇ ਹੀ ਨੇ, ਜਿਨਾ ਦਾ ਮੈਂ ਰੋਜ ਖਿਆਲ ਰੱਖਦਾ ਹਾਂ ਤੇ ਖੁਸ਼ ਹੁੰਦਾ ਹਾਂ ਕੇ ਓਹ ਤੁਹਾਡਾ ਤੇ ਤੁਹਾਡੇ ਵਰਗੇ ਅਨੇਕਾਂ ਮਰੀਜਾਂ ਦਾ ਖਿਆਲ ਰੱਖ ਰਹੀਆਂ ਨੇ | ਅਸਲ ਵਿਚ ਈਸ਼ਵਰ ਨੇ ਸਭਨੂੰ ਇਕ ਮੰਤਵ ਲਈ ਹੀ ਚੁਣਿਆ ਹੁੰਦਾ | ਮੇਰਾ ਮੰਤਵ ਫਿਲਹਾਲ ਇਥੇ ਤਕ ਹੀ ਸੀਮਿਤ ਹੈ ਜਿਥੋਂ ਤਕ ਮੈਨੂੰ ਲਗਦਾ ਹੈ , ਤੁਹਾਡਾ ਵੀ ਕੋਈ ਮੰਤਵ ਹੋਣਾ ਜੀਣ ਦਾ ਜੋ ਇਥੋਂ ਨਿਕਲ ਕੇ ਹੀ ਪੂਰਾ ਹੋਣਾ | ਬਾਹਰ ਨਿਕਲੋ ਹੁਣ , ਤੇ ਆਪਣੇ ਮਾਤਾ ਪਿਤਾ ਭਾਈ ਭੈਣ ਇਹਨਾਂ ਦਾ ਖਿਆਲ ਰੱਖੋ , ਜੀਵਨ ਵਿਚ ਅੱਗੇ ਵਧੋ ਤੇ ਆਪਣੇ ਮੰਤਵ ਨੂੰ ਵੀ ਲਭੋ | ਆਹੀ ਜਿੰਦਾਹੀ ਜੀਣ ਦਾ ਢੰਗ ਹੈ | ਅੱਗੇ ਮੈਂ ਹੁਣ ਹੋਰ ਕੁਝ ਨੀ ਕਹਿਣਾ | " ਘਰ ਕਿਥੇ ਹੈ ? " ਇਹ ਹਸਪਤਾਲ ਤੁਹਾਡਾ ਉਦੋਂ ਤਕ ਘਰ ਰਿਹਾ ਜਦੋਂ ਤਕ ਤੁਸੀ ਮਰੀਜ਼ ਸੀ | ਅਗਲਾ ਘਰ ਤੁਹਾਡਾ ਪਰਿਵਾਰ , ਯਾਨੀ ਮਾਪੇ ਨੇ , ਤੇ ਉਸਤੋ ਅਗਲਾ ਓਹ ਘਰ ਜਿੱਥੇ ਤੁਸੀ ਆਪਣੇ ਜੀਵਨ ਦਾ ਮਕਸਦ ਹਾਸਿਲ ਕਰੋਗੇ ਤੇ ਆਪਣੇ ਆਪ ਨੂੰ ਸੰਤੁਸ਼ਟੀ ਦੇਵੋਗੇ | ਤੁਹਾਨੂੰ ਰੱਬ ਨੇ ਦੂਸਰੀ ਜਿੰਦਗੀ ਦਿੱਤੀ ਹੈ ਤਾਂ ਤੁਸੀ ਦੂਸਰਿਆ ਦੇ ਕੰਮ ਆ ਸਕੋ | "

ਗੈਰੀ ਹਾਲੇ ਵੀ ਸੁਣ ਤਾਂ ਸਭ ਰਿਹਾ ਸੀ ਪਰ ਚੇਹਰੇ ਤੇ ਕੋਈ ਭਾਵ ਨਾ ਸਨ , ਸੀ ਤਾਂ ਸਿਰਫ ਇਕ ਖਾਮੋਸ਼ੀ ਜਿਹੀ |

ਇਹਦੇ ਮਗਰੋਂ ਦੋਪਹਰ ਦੇ ਵਕ਼ਤ ਓਸੇ ਕਮਰੇ ਵਿਚ ਜਿਥੇ ਗੈਰੀ ਦਾਖਲ ਸੀ, ਇਕ ਬਜ਼ੁਰਗ ਔਰਤ ਨੇ ਦਸਤਕ ਦਿੱਤੀ | ਓਹ ਪਹਿਲਾ ਓਥੇ ਖੜੀ ਨਰਸ ਨੂੰ ਮਿਲੀ ਤੇ ਫੇਰ ਗੈਰੀ ਕੋਲ ਆ ਕੇ ਬੈਠ ਗਈ |

ਔਰਤ - ਪੁੱਤਰ |

ਗੈਰੀ ਨੇ ਓਸ ਵਲ ਦੇਖਿਆ ਪਰ ਕੋਈ ਵੀ ਜਵਾਬ ਨਾ ਦਿੱਤਾ |

ਔਰਤ - ਪੁੱਤਰ |

ਗੈਰੀ ਨੇ ਓਸ ਅਣਜਾਣ ਔਰਤ ਵਲ ਨਜ਼ਰ ਘੁਮਾਈ |

ਔਰਤ - ਪੁੱਤਰ , ਜੀ |

ਗੈਰੀ - ਜੀ ਮਾਤਾ |

ਔਰਤ ਨੇ ਆਪਣੀ ਨਾਲ ਚੁੱਕ ਕੇ ਲਿਆਂਦੀ ਇਕ ਮੈਲੀ ਜਿਹੀ ਪੋਟਲੀ ਵਿੱਚੋ ਇੱਕ ਕਾਲਾ ਧਾਗਾ ਕਢਿਆ ਤੇ ਦੋ ਚਾਰ ਗੰਢਾ ਦੇ ਕੇ ਮੂੰਹ ਵਿਚ ਹੀ ਕੁਝ ਮੰਤਰ ਵਗੈਰ੍ਹਾ ਫੂਕ ਕੇ ਗੈਰੀ ਨੂੰ ਹੱਥ ਅੱਗੇ ਲਿਆਉਣ ਨੂੰ ਕਿਹਾ | ਗੈਰੀ ਨੇ ਪਹਿਲਾਂ ਤਾਂ ਥੋੜਾ ਝਿਜਕ ਪਰਗਟ ਕੀਤੀ ਪਰ ਫੇਰ ਵੀ ਓਹ ਬਜ਼ੁਰਗ ਔਰਤ ਦੀ ਉਮਰ ਦਾ ਲਿਹਾਜ ਕਰਦਿਆ ਆਪਣਾ ਹਥ ਅੱਗੇ ਕਰ ਦਿੱਤਾ | ਇਹਦੇ ਬਾਅਦ ਓਸ ਔਰਤ ਨੇ ਓਹ ਧਾਗਾ ਪੁੱਤ ਦੇ ਹੱਥ ਬੰਨਿਆ ਤੇ ਓਥੋਂ ਤੁਰਨ


Edit with WPS Office

ਨੂੰ ਹੋਈ | ਓਹ ਨਰਸ ਵੀ ਓਹਨੂੰ ਸਹਾਰਾ ਦੇ ਕੇ ਬਾਹਰ ਨੂੰ ਛੱਡ ਕੇ ਆਈ |

ਗੈਰੀ ਹਾਲੇ ਵੀ ਥੋੜਾ ਅਸਹਿਜ ਮਹਿਸੂਸ ਕਰਦਾ ਪਿਆ ਸੀ ਤੇ ਓਸ ਧਾਗੇ ਨੂੰ ਲਾਹ ਕੇ ਖਿੱਚਣ ਹੀ ਲੱਗਿਆ ਸੀ ਕੇ ਇੰਨੇ ਨੂੰ ਨਰਸ ਵਾਪਿਸ ਅੰਦਰ ਆ ਗਈ |

ਨਰਸ - ਰੁਕੋ | ਕੀ ਕਰ ਰਹੇ ਹੋ ਇਹ ?

ਗੈਰੀ - ਕਿ ਹੋਇਆ ? ਮੈਂ ਇਹਨਾਂ ਜੰਤਰਾਂ ਮੰਤਰਾਂ ਵਿਚ ਵਿਸ਼ਵਾਸ ਨੀ ਰੱਖਦਾ | ਨਾਲ ਓਹ ਬਜ਼ੁਰਗ ਔਰਤ ਕੌਣ ਸੀ ?

ਨਰਸ - ਮੇਰੀ ਮਾਤਾ ਜੀ ਸਨ ਓਹ |

ਗੈਰੀ - ਤੁਹਾਡੀ ਮਾਤਾ ? ਫੇਰ ਦਸਿਆ ਕਿਉਂ ਨੀ ਤੁਸੀ ?

ਨਰਸ - ਬੱਸ ਐਵੇਂ ਹੀ | ਓਹ ਰੋਜ ਤੁਹਾਡਾ ਹਾਲ ਚਾਲ ਮੇਰੇ ਤੋ ਪੁੱਛਦੀ ਰਹਿੰਦੀ ਸੀ ? ਇਕੱਲਾ ਤੁਹਾਡਾ ਨੀ ਇਥੇ ਸਭ ਦਾ ਹਾਲ ਚਾਲ ਪੁੱਛਦੀ ਰਹਿੰਦੀ ਆ | ਕਲ ਦਸਿਆ ਸੀ ਓਹਨੂੰ ਕੇ ਤੁਹਾਡੇ ਇਥੋਂ ਹੋਣ ਜਾਂ ਦਾ ਵਕ਼ਤ ਨੇੜੇ ਆ ਤਾਂ ਓਹ ਆਪ ਹੀ ਆਏ ਸਨ , ਤੁਹਾਨੂੰ ਮਿਲਣ |

ਗੈਰੀ - ਫੇਰ ਰੋਕ ਲੈਂਦੇ ਓਹਨਾ ਨੂ |

ਨਰਸ - ਨਹੀਂ, ਅਜਿਹਾ ਮੈਂ ਅੱਜ ਤੱਕ ਨੀ ਕਰੇਆ ?

ਗੈਰੀ - ਕਿਉਂ ?

ਨਰਸ - ਬੱਸ ਐਵੇਂ ਹੀ , ਹੈ ਕੋਈ ਵਜਹ |

ਗੈਰੀ ਕੁਝ ਅਚੰਭਿਤ ਸੀ ਤੇ ਫੇਰ ਓਹ ਚੁੱਪ ਕਰਕੇ ਫੇਰ ਓਸੇ ਖਿਆਲਾਂ ਵਿੱਚ ਗੁੰਮ ਹੋ ਕੇ ਬੈਠ ਗਿਆ | ਪਰ ਹੁਣ ਓਹਦੀ ਨਿਗ੍ਹਾ ਨਰਸ ਵਲ ਵੀ ਸੀ ਕਿਉਂਕਿ ਓਹਦੀ ਅੱਖ ਵਿਚ ਕੁਝ ਹੰਝੂ ਵੀ ਸਨ ਤੇ ਓਹ ਵਾਰ ਵਾਰ ਇਕੱਲਿਆ ਹੋ ਕੇ ਆਪਣੇ ਹੰਝੂ ਲੁਕੋ ਰਹੀ ਸੀ |

ਥੋੜੇ ਵਕ਼ਤ ਬਾਅਦ ਗੈਰੀ ਉਠਿਆ ਤੇ ਨਰਸ ਦੇ ਸਾਹਮਣੇ ਪਈ ਖਾਲੀ ਕੁਰਸੀ ਤੇ ਆ ਬੈਠ ਗਿਆ।  ਤੇ ਬੋਲਿਆ।

ਗੈਰੀ - ਦਸੋ ਕਯਾ ਗਲ ਬਾਤ ਹੈ ।

ਨਰਸ ਵੀ ਇਹ ਵੇਖ ਥੋੜੀ ਅਚੰਭਿਤ ਸੀ ਕੇ ਜੌ ਇਨਸਾਨ ਕਿਸੇ ਦੀ ਗੱਲ ਤਕ ਨਹੀਂ ਸੀ ਸੁਣ ਰਿਹਾ ਅੱਜ ਆਪ ਚਲ ਕੇ ਓਹਦੇ ਕੋਲ ਕਿਵੇਂ ਆ ਬੈਠ ਗਿਆ। ਨਰਸ ਨੇ ਆਪਣੇ ਅੱਖ ਚੋ ਹੰਜੂ ਪੂਝੇ ਤੇ ਬੜੇ ਪਿਆਰ ਨਾਲ ਗੈਰੀ ਵਲ ਨੂੰ ਵੇਖਿਆ।

ਨਰਸ - ਕੁਝ ਨੀ ਬਸ ਓਹ ਮੇਰੀ ਬੇਬੇ ਜੀ ਆਏ ਸੀ ਨਾ ਤਾਂ ਥੋੜਾ ਜੇਹਾ ਅਜੇਹਾ ਮਹਿਸੂਸ ਹੋਇਆ ਮੈਨੂੰ।

ਗੈਰੀ - ਠੀਕ ਆ।



Edit with WPS Office

ਨਰਸ ਅਗੋ ਆਪਣੀ ਕਹਾਣੀ ਸੁਣਾਉਣ ਲਗਦੀ -

ਗੈਰੀ - ਇਹ ਮੇਰੀ ਬੇਬੇ ਦੀ ਮਾਨਸਿਕ ਹਾਲਤ ਠੀਕ ਨਹੀਂ ਹੈ। ਮਤਲਬ ਕੇ ਓਹ ਬੋਲ ਚਾਲ ਤਾਂ ਲੈਂਦੇ ਨੇ ਪਰ।

ਗੈਰੀ - ਪਰ । ਪਰ ਕੀ ?

ਮੇਰੇ ਵੱਡੇ ਭਾਈ ਫੌਜ ਵਿਚ ਸਨ ਤੇ ਪਿਛਲੇ ਸਾਲ ਹੀ ਸ਼ਹੀਦ ਹੋ ਗਏ ਸਨ। ਓਹਨਾ ਦਾ ਘਰ ਹੁਣ ਮਨ ਨੀ ਲਗਦਾ। ਓਹ ਹਰ ਮਰੀਜ ਦਾ ਮੈਨੂੰ ਪੁੱਛਦੇ ਰਹਿੰਦੇ ਹਨ। ਓਹਨਾ ਨੂ ਜਦ ਮੈਂ ਤੁਹਾਡੇ ਬਾਰੇ ਦੱਸਿਆ ਤਾਂ ਤੁਹਾਡੀ ਕਹਾਣੀ ਸੁਨ ਓਹ ਵੀ ਬਹੁਤ ਦੁਖੀ ਸਨ। ਓਹ ਕਦੇ ਵੀ ਇਥੇ ਨਹੀਂ ਆਏ ਪਰ ਰੋਜ ਤੁਹਾਡੇ ਬਾਰੇ ਪੁੱਛਦੇ ਰਹੇ। ਕਦੇ ਕਦੇ ਤਾਂ ਤੁਹਾਡੇ ਲਈ ਅਲਗ ਤੋਂ ਖਾਣ ਪੀਣ ਦਾ ਸਮਾਨ ਵੀ ਭੇਜਦੇ ਰਹੇ।

ਕਲ ਮੈਂ ਓਹਨਾ ਨੂ ਦਸਿਆ ਤਾਂ ਓਹ ਆਪ ਇਥੇ ਆਏ ਸਨ ਤੇ ਹੁਣ ਤੁਹਾਨੂੰ ਮਿਲ ਕੇ ਓਹ ਚਲੇ ਗਏ।

ਅਸੀ ਘਰ ਵਿਚ ਓਹਨਾ ਨੂੰ ਕੋਈ ਬਹੁਤਾ ਸਵਾਲ ਜਵਾਬ ਨਹੀਂ ਕਰਦੇ।

ਨਰਸ ਹਾਲੇ ਆਪਣੇ ਖਿਆਲਾਂ ਵਿਚ ਖੋਈ ਖਿੜਕੀ ਵਲ ਦੇਖ ਕੇ ਇਹ ਸਭ ਦਸ ਹੀ ਰਾਹੀ ਹੁੰਦੀ ਤਾਂ ਅਚਾਨਕ ਓਹ ਦੇਖਦੀ ਕੇ ਗੈਰੀ ਆਪਣੀ ਜਗ੍ਹਾ ਤੇ ਬੈਠਾ ਹੀ ਨਹੀਂ ਹੈ।

ਓਹ ਭੱਜ ਕੇ ਬਾਹਰ ਜਾ ਕੇ ਵੇਖਦੀ ਤਾਂ ਗੈਰੀ ਓਹਦੀ ਬੇਬੇ ਕੋਲ ਜਾ ਖਲੋਤਾ ਸੀ ਤੇ ਓਹਦੇ ਪੈਰੀ ਹੱਥ ਲਾ ਕੇ ਓਹਨਾ ਤੋ ਅਸ਼ੀਰਵਾਦ ਲੈਅ ਰਿਹਾ ਸੀ।

ਨਰਸ ਵੀ ਇਹ ਦ੍ਰਿਸ਼ ਵੇਖ ਖੁਸ਼ ਸੀ।

ਓਹਦੇ ਮਨ ਵਿਚ ਆਇਆ

" ਰੱਬ ਜੀ, ਇਹ ਬਹੁਤ ਸੋਹਣਾ ਤੇ ਵਧੀਆ ਮੁੰਡਾ ਹੈ। ਇਹਨੇ ਸ਼ਾਯਦ ਜਿੰਦਗੀ ਵਿੱਚ ਨੇਕੀ ਹੀ ਕਮਾਈ ਹੈ। ਕਿਰਪਾ ਕਰਕੇ ਇਹਦੇ ਤੇ ਦਿਆ ਭਾਵ ਵਿਖਾਓ। ਹੁਣ ਇਹ ਇਥੋਂ ਜਾ ਰਿਹਾ ਹੈ , ਮੈਂ ਇਹਨੂੰ ਇਥੇ ਰੋਕਣਾ ਤਾਂ ਚਾਹੁੰਦੀ ਹਾਂ, ਪਰ ਇਹ ਗ਼ਲਤ ਹੋਵੇਗਾ। ਇਹਨੂੰ ਜਿੰਦਗੀ ਵਿੱਚ ਹਰ ਖੁਸ਼ੀ ਤੇ ਹਰ ਤਰੱਕੀ ਦੇਣਾ। ਇਹਦੀ ਜਿੰਦਗੀ ਖ਼ੁਸ਼ੀਆਂ ਨਾਲ ਭਰ ਦੇਣਾ। "

ਇਹਦੇ ਬਾਅਦ ਗੈਰੀ ਖੁਦ ਆਪਣੀ ਜਗ੍ਹਾ ਯਾਨੀ ਬੇਡ ਤੇ ਆ ਕੇ ਬੈਠ ਜਾਂਦਾ ਤੇ ਦੋਬਾਰਾ ਓਹੀ ਸਭ ਸੋਚਣ ਲੱਗਦਾ।

ਨਰਸ ਗੈਰੀ ਵਲ ਵੇਖ ਬਹੁਤ ਖੁਸ਼ ਸੀ। ਓਹ ਇਸ ਗਲ ਤੋਂ ਵੀ ਖੁਸ਼ ਸੀ  ਜਿਹੜਾ ਇਨਸਾਨ ਇੰਨਾ ਕੁਝ ਵਾਪਰਨ ਮਗਰੋ ਵੀ ਹੋਰਾਂ ਲਈ ਜੀਅ ਸਕਦਾ ਹੋਵੇ ਸੋਚ ਸਕਦਾ ਹੋਵੇ ,ਓਹਨੇ ਹੌਲੀ ਹੌਲੀ ਆਪਣੇ ਆਪ ਨੂੰ ਅੱਗੇ ਜਾ ਕੇ ਸਾਂਭ ਲੈਣਾ।

ਯਾਨੀ ਅਪਾ ਇਹ ਵੀ ਕੇਹ ਸਕਦੇ ਕੇ ਹੌਲੀ ਹੌਲੀ ਹੀ ਸਹੀ, ਇਨਸਾਨ ਓਹੀ ਹੈ ਜੋਂ ਆਪਣੇ ਖੁਦ ਦੇ ਗ਼ਮਾਂ ਨੂੰ ਭੁਲਾ ਕੇ ਅੱਗੇ ਵਲ ਨੂੰ ਵੱਧ ਸਕਦਾ ਹੋਵੇ। ਇਹੀ ਇਸ ਪ੍ਰਕਿਰਤੀ ਦਾ ਨਿਯਮ ਵੀ ਹੈ।



Edit with WPS Office

ਪਾਣੀ ਦੇ ਵਹਾਅ ਵਾਂਗ ਹਰ ਕਿਸੇ ਨੂੰ ਅੱਗੇ ਵਧਣਾ ਚਾਹੀਦਾ ਹੁੰਦਾ , ਕਿਉਂਕਿ ਠਹਰਾਅ ਹਰ ਇਨਸਾਨ ਦੇ ਜੀਵਨ ਨੂੰ ਓਸੇ ਰੁਕੇ ਹੋਏ ਪਾਣੀ ਦੀ ਤਰ੍ਹਾਂ ਬਰਬਾਦ ਹੀ ਕਰਦਾ ਹੈ।

ਫੇਰ ਦੋਪਹਰ ਹੋਈ ਤੇ ਗੈਰੀ ਨੇ ਨਰਸ ਨੂੰ ਕਿਹਾ |

ਗੈਰੀ ਨਰਸ ਨੂੰ - ਕਯਾ ਤੁਸੀ ਮੇਰੇ ਲਈ ਇਕ ਫੋਨ ਡਾਇਲ ਕਰ ਸਕਦੇ ਹੋ ?

ਨਰਸ - ਜੀ ਜਰੂਰ । ਕਿਸਨੂੰ ਕਰਨਾ ਤੁਸੀ ? ਆਪਣੇ ਘਰ ?

ਗੈਰੀ - ਨਹੀਂ।

ਨਰਸ - ਫੇਰ ਕਿਸਨੂੰ ?

ਗੈਰੀ - ਮੈਂ ਆਪਣੇ ਦੋਸਤ ਨਾਲ ਗਲ ਕਰਨਾ ਚਾਹੁੰਦਾ ਜਿਸਦੀ ਦੁਕਾਨ ਠੀਕ ਮੇਰੇ ਘਰ ਦੇ ਨੇੜੇ ਹੀ ਸਹੀ।

ਨਰਸ - ਠੀਕ ਆ। ਦੱਸੋ ਨੰਬਰ। ਕਯਾ ਨਾਮ ਹੈ ਓਹਨਾ ਦਾ ?

ਗੈਰੀ - ਅਫ਼ਸਰ। ਅਫਸਰ ਨਾਮ ਹੈ ਓਹਦਾ।

ਨਰਸ - ਅਫ਼ਸਰ! ਇਹ ਕਿਹੋ ਜਿਹਾ ਨਾਮ ਹੋਇਆ।

ਗੈਰੀ - ਤੁਸੀ ਪਲੀਜ ਮੇਰਾ ਦਿੱਤਾ ਨੰਬਰ ਡਾਇਲ ਕਰੋ। ਪਲੀਜ਼।

ਨਰਸ - ਠੀਕ ਆ।

ਇਹਦੇ ਬਾਅਦ ਓਹ ਨੰਬਰ ਡਾਇਲ ਕਰਦੀ ਹੈ ਤੇ ਉਧਰੋਂ ਇਕ ਸ਼ਖਸ ਨੰਬਰ ਚੁੱਕਦਾ ਹੈ।

ਨਰਸ - ਸਤ ਸ਼੍ਰੀ ਅਕਾਲ ਜੀ | ਕਿ ਤੁਹਾਡਾ ਨਾਮ ਅਫ਼ਸਰ ਹੈ ?

ਅਫਸਰ - ਜੀ । ਹਾਂਜੀ। ਕੌਣ ਬੋਲ ਰਿਹਾ।

ਫੋਨ ਸਪੀਕਰ ਤੇ ਸੀ ਤੇ ਅਫ਼ਸਰ ਦੀ ਅਵਾਜ ਪਛਾਣ ਦਿਆਂ ਸਾਰ ਹੀ ਗੈਰੀ ਬੋਲ ਦੇਂਦਾ |

ਗੈਰੀ ਦੀ ਇੰਨੇ ਵਕ਼ਤ ਮਗਰੋ ਅਵਾਜ ਸੁਣਦਿਆ ਸਾਰ ਹੀ ਥਮ ਜੇਹਾ ਜਾਂਦਾ। ਓਹਦੇ ਬੋਲਾਂ ਤੇ ਕਾਬੂ ਜੇਹਾ ਖੋ ਜਾਂਦਾ।

ਗੈਰੀ - ਅਫ਼ਸਰ।

ਅਫ਼ਸਰ ਨੂੰ ਵੀ ਇਹ ਅਵਾਜ ਜਾਣੀ ਪਹਿਚਾਣੀ ਜਿਹੀ ਲੱਗੀ | ਓਹ ਖੁਦ ਅਚੰਭਿਤ ਹੋ ਉੱਠਦਾ |

ਅਫਸਰ - ਗੈਰੀ ਵੀਰ। ਗੈਰੀ। ਕਿੱਥੇ ਹੋ ਤੁਸੀ। ਠੀਕ ਹੋ ਤੁਸੀ।

ਇਧਰ ਬਹੁਤ ਵਕ਼ਤ ਬਾਅਦ ਅਫ਼ਸਰ ਦੀ ਅਵਾਜ ਓਹਦਾ ਦਿਲ ਠਰ ਦੇਂਦੀ ਜਿਹਨੂੰ ਸੁਣ ਓਹ ਅੱਗੇ ਕੁਝ ਨੀ


Edit with WPS Office

ਬੋਲਦਾ।

ਅਫਸਰ - ਹੈਲੋ ਹੈਲੋ। ਗੈਰੀ। ਵੀਰੇ ਹੈਲੋ।

ਗੈਰੀ - ਹਾਂ ਵੀਰੇ ਮੈਂ ਗੈਰੀ ਹੀ ਬੋਲਦਾ ਪਿਆ ਹਾਂ।

ਅਫਸਰ - ਤੂੰ ਗੈਰੀ ਹੈ ਨਾ ਵੀਰੇ। ਸੱਚ ਬੋਲ । ਮੈਨੂੰ ਵਿਸ਼ਵਾਸ ਨੀ ਹੁੰਦਾ ਪਿਆ। ਦਸ ਕਿੱਥੇ ਆ ਭਰਾ । ਮੈਂ ਹੁਣੇ ਆਉਂਦਾ ਤੈਨੂੰ ਲੈਣ ਲਈ।

ਅੱਖਾਂ ਵਿੱਚ ਹੰਝੂ ਭਰੀ ਗੈਰੀ ਬੋਲਣਾ ਸ਼ੁਰੂ ਕਰਦਾ।

ਗੈਰੀ - ਹਾਂ ਵੀਰੇ ਮੈਂ ਗੈਰੀ ਹੀ ਹਾਂ। ਬਹੁਤ ਵਕ਼ਤ ਹੋ ਗਿਆ ਅਪਾ ਨੂੰ ਮਿਲਿਆ।

ਅਫ਼ਸਰ ਰੋਂਦੇ ਹੋਏ - ਹਾਂ ਵੀਰੇ , ਬਹੁਤ ਵਕ਼ਤ। ਚਲ ਦਸ ਵੀਰੇ ਕਿੱਥੇ ਆ। ਮੈਂ ਆ ਰਿਹਾ ਤੇਰੇ ਕੋਲ ਨੂੰ। ਪਤਾ ਦਸ ਜਲਦੀ। ਘਰ ਹੈ ਨਾ। ਮੈਂ ਘਰ ਆ ਜਾਂਦਾ । ਦਸ ਮੈਨੂੰ।

ਗੈਰੀ - ਕੋਈ ਨਾ ਵੀਰੇ। ਮੈਂ ਵਾਪਿਸ ਆ ਰਿਹਾ ਹਾਂ। ਆਪ ਆ ਕੇ ਮਿਲਦਾ ਤੁਹਾਨੂੰ।

ਤੇ ਇਹਦੇ ਬਾਅਦ ਓਹ ਫੋਨ ਕਟ ਕਰ ਦੇਂਦਾ।

ਨਰਸ - ਇਹ ਕੀ, ਤੁਸੀ ਫੋਨ ਕਿਉਂ ਕਟਿਆ ?

ਇੰਨੇ ਨੂੰ ਨਰਸ ਦੇ ਫੋਨ ਤੇ ਦੋਬਾਰਾ ਅਫ਼ਸਰ ਦਾ ਫੋਨ ਆਉਂਦਾ।

ਗੈਰੀ - ਹਾਲੇ ਬਸ ਚਕਿਓ ਨਾ। ਬਾਅਦ ਚ ਚਕ ਲਓ ਤੇ ਬੋਲ ਦੇਓ ਓਹਨਾ ਨੂੰ ਛੁੱਟੀ ਮਿਲ ਗਈ ਹੈ ਤੇ ਓਹ ਦਿੱਲੀ ਲਈ ਜਲਦੀ ਨਿਕਲ ਪੈਣਗੇ।

ਨਰਸ - ਠੀਕ ਆ।

ਅਫਸਰ ਦਾ ਵਾਰ ਵਾਰ ਫੋਨ ਆਉਂਦਾ ਪਿਆ ਸੀ।

ਨਰਸ ਥੋੜਾ ਦੂਸਰੇ ਪਾਸੇ ਖਲੋ ਕੇ ਗੱਲ ਕਰਦੀ

ਨਰਸ - ਜੀ , ਤੁਹਾਡਾ ਦੋਸਤ ਬਿਲਕੁਲ ਠੀਕ ਹੈ। ਓਹਨਾ ਨੇ ਕਿਹਾ ਕਿ ਓਹ ਜਲਦੀ ਦਿੱਲੀ ਆ ਰਹੇ ਨੇ ਤੁਹਾਡੇ ਕੋਲ।

ਅਫਸਰ - ਰੱਬ ਦਾ ਲੱਖ ਲੱਖ ਸ਼ੁਕਰ ਆ। ਹੁਣ ਵੀ ਕੋਲ ਆ ਓਹ।

ਨਰਸ - ਨਹੀਂ। ਓਹ ਨਿਕਲ ਗਏ ਨੇ ਇਥੋਂ।

ਅਫਸਰ - ਠੀਕ ਆ ਜੀ।

ਤੇ ਅਫ਼ਸਰ ਫੋਨ ਕੱਟ ਦੇਂਦਾ ਹੈ।



Edit with WPS Office

ਹੁਣ ਨਰਸ ਗੈਰੀ ਨੂੰ - ਕੀ ਗਲ। ਤੁਸੀ ਗਲ ਕਿਉਂ ਨੀ ਕਰੀ ?

ਗੈਰੀ - ਕਯਾ ਗਲ ਕਰਦਾ। ਬਸ ਆਪਣੇ ਵੱਡੇ ਵੀਰ ਦੀ ਅਵਾਜ ਸੁਣ ਨੀ ਸੀ। ਹੁਣ ਓਹਦੇ ਕੋਲ ਜਾ ਕੇ ਹੀ ਸ਼ਾਂਤੀ ਮਿਲਣੀ ਮੈਨੂੰ।

ਨਰਸ - ਠੀਕ ਆ ਜੀ।

ਗੈਰੀ - ਕੀ ਗਲ ਉਦਾਸ ਕਿਉਂ ਹੋ ? ਆਪਣੀ ਬੇਬੇ ਦੀ ਵਜਹ ਕਰਕੇ। ਕੋਈ ਨਾ ਓਹ ਵੀ ਹੋ ਜਾਣਗੇ ਠੀਕ।

ਨਰਸ - ਤੁਹਾਡੇ ਵਜਹ ਕਰਕੇ।

ਗੈਰੀ - ਮਤਲਬ ।

ਨਰਸ - ਤੁਸੀ ਜਾ ਰਹੇ ਹੋ ਤਾਂ ਹੁਣ ਇਹ ਬੈਡ ਖਾਲੀ ਜੇਹਾ ਲਗਣਾ ਮੈਨੂੰ।

ਇਹ ਗੱਲ ਦਾ ਉੱਤਰ ਗੈਰੀ ਕੋਲ ਨਹੀਂ ਸੀ।

ਨਰਸ ਭਾਂਪ ਜਾਂਦੀ ਕੇ ਓਹਨੇ ਸ਼ਾਯਦ ਕੁਝ ਗ਼ਲਤ ਕੇਹ ਦਿੱਤਾ ।

ਨਰਸ - ਰੱਬ ਦਾ ਸ਼ੁਕਰ ਹੈ ਕੇ ਕੋਈ ਮਰੀਜ ਠੀਕ ਹੋ ਕੇ ਘਰ ਚਲਾ। ਮੇਰੀ ਡਿਊਟੀ ਪੂਰੀ ਹੋਈ ਹੁਣ।

ਗੈਰੀ ਥੋੜਾ ਸੋਚਦਾ ਤੇ ਬੋਲਦਾ - ਮਾਫ਼ੀ ਮੇਰੇ ਵਲੋਂ।

ਨਰਸ - ਮਾਫ਼ੀ ਕਿਉਂ ?

ਗੈਰੀ - ਮੈਨੂੰ ਪਤਾ ਕੇ ਕਿੰਨੀ ਵਾਰ ਚੀਕਿਆ ਹੋਣਾ ਤੁਹਾਡੇ ਤੇ , ਤੁਹਾਨੂੰ ਗ਼ਲਤ ਵੀ ਬੋਲਿਆ ਹੋਣਾ। ਪਰ ਇਹਦੇ ਬਦਲੇ ਵੀ ਤੁਸੀ ਮੇਰਾ ਇਲਾਜ ਕੀਤਾ, ਮੇਰੀ ਦੇਖਭਾਲ ਕੀਤੀ। ਤਾਂ ਮਾਫ਼ੀ ਮੰਗਦਾ, ਤੁਹਾਡੇ ਸਾਰਿਆ ਤੋਂ।

ਨਰਸ - ਇਟਸ ਓਕੇ। ਕੋਈ ਗਲ ਨੀ ਜੀ।

ਇਹਦੇ ਬਾਅਦ ਨਰਸ ਬੋਲਦੀ ਕੇ ਤੁਹਾਡੇ ਘਰ ਫੋਨ ਕਰ ਦਿੱਤਾ ਗਿਆ ਹੈ। ਅੱਜ ਸ਼ਾਮ ਨੂੰ ਤੁਸੀ ਆਪਣੇ ਘਰ ਜਾ ਰਹੇ ਹੋ।।

ਹੁਣ ਇਸ ਦ੍ਰਿਸ਼ ਤੋ ਅਪਾ ਅੱਗੇ ਵਧ ਦੇ ਨੇ

ਤੇ ਕੁਝ ਕਿਰਦਾਰਾਂ ਨੂੰ ਇਥੇ ਹੀ ਸਮਾਪਤ ਕਰ ਦੇਣੀ ਸਹੀ ਹੈ।

ਫੇਰ ਚਾਹੇ ਓਹ ਡਾਕਟਰ ਸਾਬ ਹੋਣ, ਦੋਨੋ ਨਰਸਾਂ ਹੋਣ ਜਾ ਓਸ ਨਰਸ ਦੇ ਬੇਬੇ ਹੀ ਹੋਵੇ। ਇਹੀ ਕਹਾਣੀ ਦੀ ਸਾਰਥਿਕਤਾ ਵੀ ਹੈ ਕਿਉਂਕਿ ਇਹ ਕਹਾਣੀ ਇਥੇ ਨੀ ਰੁਕਣ ਵਾਲੀ, ਬਹੁਤ ਦੂਰ ਤਕ ਜਾਵੇਗੀ।।



Edit with WPS Office

ਉਮੀਦ ਹੈ ਕਿ ਤੁਹਾਨੂੰ ਹੁਣ ਤਕ ਇਹ ਸਭ ਵਧੀਆ ਲੱਗਿਆ ਹੋਵੇ ਪਰ ਹੁਣ ਤਲਾਸ਼ ਕਰ ਲੈਣ ਦਿਓ ਇਕ ਇਨਸਾਨ ਨੂੰ ਓਹਦਾ ਨਵਾਂ ਮੁਕਾਮ ਤੇ ਓਹਦਾ ਨਵਾਂ ਘਰ।

ਇਹੀ ਕਹਾਣੀ ਹੈ।।

ਓਸੇ ਸ਼ਾਮ ਨੂੰ

ਮਨਵੀਰ ਆਪਣੇ ਵੱਡੇ ਭਾਈ ਸਾਬ ਯਾਨੀ ਗੈਰੀ ਨੂੰ ਘਰ ਲੈਣ ਲਈ ਪਹੁੰਚਿਆ। ਨਰਸ ਦੀਆਂ ਅੱਖਾਂ ਵਿਚ ਹੰਝੂ ਸਨ ਕਿਉਂਕ ਓਹਦਾ ਮੋਹ ਪੈ ਗਿਆ ਸੀ ਗੈਰੀ ਨਾਲ। ਪਰ ਹੁਣ ਜਾਣ ਦਾ ਵਕਤ ਤਾਂ ਆ ਹੀ ਚੁੱਕਾ ਸੀ।

ਮਨਵੀਰ ਦੇ ਨਾਲ ਬੇਬੇ ਰਮਣੀਕ ਕੌਰ ਵੀ ਆਈ ਸੀ ਓਹਨੂੰ ਲੈਣ ਲਈ।

ਰਮਣੀਕ ਨੂੰ ਵੇਖ ਗੈਰੀ ਦੋਬਾਰਾ ਰੋਣਾ ਸ਼ੁਰੂ ਕਰ ਦੇਂਦਾ।

ਗੈਰੀ - ਬੇਬੇ, ਇਹ ਸਭ, ਹੁਣ ਮੈਂ ਕੀ ਕਰਾਂ, ਘਰ ਜਾ ਕੇ।

ਰਮਣੀਕ - ਕੋਈ ਨਾ ਕੋਈ ਨਾ। ਸਬਰ ਰੱਖ। ਚਲ ਘਰ ਚਲ। ਘਰ ਉਡੀਕਦੇ ਪਏ ਨੇ ਅਪਾ ਨੂੰ ਸਾਰੇ। ਚਲ ਹੁਣ।

ਗੈਰੀ ਆਪਣੇ ਬੇਬੇ ਦੀ ਗੋਦੀ ਵਿੱਚ ਸਿਰ ਰੱਖ ਰੋਣਾ ਜਾਰੀ ਰੱਖਦਾ। ਮਨਵੀਰ ਦੀਆ ਅੱਖਾ ਵਿੱਚ ਵੀ ਹੰਜੂ ਸਨ। ਕੋਲ ਖੜੀ ਓਹੀ ਨਰਸ ਵੀ ਬਹੁਤ ਭਾਵੁਕ ਸੀ। ਪਰ ਡਿਊਟੀ ਤਾਂ ਡਿਊਟੀ ਹੀ ਹੈ।

ਥੋੜੇ ਵਕ਼ਤ ਮਗਰੋ ਮਨਵੀਰ ਆਪਣੇ ਵੱਡੇ ਵੀਰ ਨੂੰ ਸਹਾਰਾ ਦੇ ਕੇ ਉਠਾਉਂਦਾ ਤੇ ਨਾਲ ਚਲਾਣੇ ਨੂੰ ਬੋਲਦਾ ਹੈ। ਫੇਰ ਓਹ ਸਾਰੇ ਨੀਚੇ ਵਲ ਨੂੰ ਬਾਹਰ ਖੜੀ ਗੱਡੀ ਵਿੱਚ ਬੈਠ ਕੇ ਉਧਰੋਂ ਨਿਕਲ ਜਾਂਦੇ।

ਉਪਰੋਂ ਇਕ ਖਿੜਕੀ ਵਿੱਚੋ ਨਰਸ ਇਹ ਸਭ ਵੇਖ ਰਹੀ ਸੀ ਤੇ ਸੰਤੁਸ਼ਟ ਸੀ ਕੇ ਚਲੋ ਇਕ ਮੁਸਾਫ਼ਿਰ ਨੂੰ ਓਹਦਾ ਟਿਕਾਣਾ ਤਾਂ ਮਿਲਿਆ। ਥੋੜਾ ਗਮ ਸੀਂ ਪਰ ਚਲ ਕੋਈ ਨਾ।

ਡਾਕਟਰ ਵੀ ਬਾਹਰ ਜਾਂਦਾ ਵੇਖ ਖੁਸ਼ ਸੀ ਕੇ ਓਹਦਾ ਇਲਾਜ ਅੱਜ ਸਫਲ ਹੋਇਆ ਤੇ ਓਹਦੇ ਇਕ ਪੁੱਤਰ ਆਪਣੇ ਘਰ ਪਹੁੰਚ ਗਿਆ।

ਤੇ ਆਪਣੇ ਪਾਠਕਾਂ ਲਾਈ ,

ਘਰ ਤੇ ਮੁਕਾਮ ਵਿਚ ਅੰਤਰ ਬਹੁਤ ਹੁੰਦਾ।

ਇਹੀ ਅੰਤਰ ਸੀ । " ਘਰ ਕਿੱਥੇ ਹੈ "

ਘਰ ਓਹ ਜਗ੍ਹਾ ਜਿੱਥੇ ਤੁਸੀ ਆਪਣੇ ਆਪ ਨੂੰ ਸੰਤੋਸ਼ ਦੇ ਸਕਦੇ। ਚਾਰ ਦੀਵਾਰੀ ਘਰ ਨੀ ਹੁੰਦੀ। ਘਰ ਰਿਸ਼ਤਿਆ ਨਾਲ ਬਣਦਾ।



Edit with WPS Office

ਇਸ ਕਹਾਣੀ ਨੂੰ ਹੋਰ ਵਧੀਆ ਕਰਨ ਲਈ ਅਗਲੇ ਭਾਗ ਦਾ ਦ੍ਰਿਸ਼ ਹੁਣੇ ਏਸੇ ਵਕ਼ਤ ਸਿਰਜ ਦਿੱਤਾ ਗਿਆ ਹੈ।

ਯਾਨੀ " ਸੇਜਲ "

ਇਸ ਕਹਾਣੀ ਸੀ ਪਰਮੁੱਖ ਨਾਇਕਾ।

ਟ੍ਰੇਨ ਤੋਂ ਬਾਹਰ ਨਿਕਲ ਕੇ ਗੈਰੀ ਤੇ ਮਨਵੀਰ ਤੁਰਨਾ ਸ਼ੁਰੂ ਕਰਦੇ। ਬਹੁਤ ਭੀੜ ਸੀ ਓਸ ਦਿਨ । ਤੇ ਅਚਾਨਕ ਇਕ ਕੁੜੀ ਭੱਜਦੀ ਭੱਜਦੀ ਗੈਰੀ ਨਾਲ ਟਕਰਾਅ ਜਾਂਦੀ ਤੇ ਨੀਚੇ ਗਿਰ ਜਾਂਦੀ। ਇਹ ਕੁੜੀ ਕੋਈ ਹੋਰ ਨੀ ਸੀ ," ਸੇਜਲ " ਸੀ।

ਫੇਰ ਸੇਜਲ ਸ਼ੋਰ ਮਚਾਉਣ ਲਗ ਪੈਂਦੀ। ਓਹਦੇ ਗੈਰੀ ਲਈ ਪਹਿਲੇ ਸ਼ਬਦ ਸਨ।

ਸੇਜਲ - ਬੇਵਕੂਫ ।।

ਗੈਰੀ ਫੇਰ ਵੀ ਓਹਨੂੰ ਨੀਚੇ ਡਿੱਗੀ ਨੂੰ ਖੜਾ ਕਰਦਾ ਤੇ ਓਹਦੇ ਪਸੀਨੇ ਨਾਲ ਭਿੱਜੇ ਚੇਹਰੇ ਨੂੰ ਗੌਰ ਨਾਲ ਵੇਖਦਾ। ਅਚਾਨਕ ਓਹਨੂੰ ਕੁਝ ਯਾਦ ਆਉਣ ਲਗਦਾ।

ਸਹਿਜ ਖੜੀ ਹੁੰਦੀ ਤੇ ਬੋਲਣਾ ਸ਼ੁਰੂ ਕਰ ਦੇਂਦੀ |

ਸੇਜਲ - ਬੇਵਕੂਫ ਜੇਹਾ ਨਾ ਹੋਵੇ ਤਾਂ। ਜਹਿਲ , ਤੁਰਨਾ ਨੀ ਆਉਦਾ ਤਾਂ ਆਉਂਦੇ ਕਿਉਂ ਹੋ ਇਥੇ?

ਕੋਲ ਖੜਾ ਮਨਵੀਰ ਗੈਰੀ ਨੂੰ ਸਾਂਭਦਾ ਦੇ ਜਵਾਬ ਦੇਂਦਾ ।

ਮਨਵੀਰ - ਕੀਹਨੂੰ ਕਿਹਾ ਬੇਵਕੂਫ ਤੂੰ ਕੁੜੀਏ? ਇਕ ਤਾਂ ਤੈਨੂੰ ਵੀਰ ਨੇ ਥੱਲੇ ਡਿੱਗੇ ਨੇ ਚੁੱਕਿਆ ਉਪਰੋ ਮੇਰੇ ਵੀਰ ਨੂੰ ਗ਼ਲਤ ਬੋਲਦੀ ਪਈ ਆ। ਜਹਿਲ ਨਾ ਹੋਵੇ ਤਾਂ।

ਸੇਜਲ - ਕੀਹਨੂੰ ਜਹਿਲ ਕਿਹਾ, ਇਹ ਦਸ।

ਗੈਰੀ ਮਨਵੀਰ ਨੂੰ ਚੁੱਪ ਹੋਣ ਨੂੰ ਬੋਲ ਪੈਂਦਾ - ਆ ਅਮ ਸੋਰੀ ਮੈਂਮ। ਸਾਡੀ ਗਲਤੀ ਸੀ। ਸੋਰੀ।

ਮਨਵੀਰ - ਪਰ ਵੀਰ ਆਪਣੀ ਗਲਤੀ ਕਿੱਥੇ ਸੀ ?

ਗੈਰੀ ਮਨਵੀਰ ਨੂੰ - ਕਿਹਾ ਨਾ ਚੁੱਪ ਕਰ ਜਾ। ਕੁਝ ਨੀ ਬੋਲਣਾ।

ਗੈਰੀ ਓਸ ਕੁੜੀ ਸੇਜਲ ਨੂੰ - ਆਈ ਐਮ ਸਾਰੀ ਅਗੈਨ।

ਸੇਜਲ ਚੁੱਪ ਕਰ ਜਾਂਦੀ ਤੇ ਗੁੱਸੇ ਵਿਚ ਉਥੋਂ ਨਿਕਲ ਜਾਂਦੀ।

ਮਨਵੀਰ - ਕਯਾ ਵੀਰ। ਐਵੇਂ ਓ ਸੋਰੀ ਬੋਲ ਦਿੱਤਾ। ਜਦਕਿ ਗਲਤੀ ਓਹਦੀ ਹੀ ਸੀ।

ਗੈਰੀ - ਕੋਈ ਨਾ ਭਰਾ। ਫੇਰ ਕੀ ਹੋ ਗਿਆ। ਸੋਰੀ ਬੋਲਣ ਨਾਲ ਅਪਣਾ ਕੇਹੜਾ ਕੁਝ ਘੱਟ ਗੇਆ। ਚਲ ਤੁਰੀਏ ਅਪਾ ਇਥੋਂ।



Edit with WPS Office

ਓਹ ਦੋਨੋ ਓਥੋ ਨਿਕਲ ਪੈਂਦੇ।

ਗੈਰੀ ਹਾਲੇ ਵੀ ਓਸ ਲੜਕੀ ਦੇ ਚੇਹਰੇ ਵਲ ਨੂੰ ਗੌਰ ਨਾਲ ਪੜ੍ਹਨ ਦਾ ਯਤਨ ਕਰਦਾ ਪਿਆ ਸੀ। ਕਿੱਧਰੇ ਤਾਂ ਜਾਣੂ ਸੀ ਓਹ ਚੇਹਰਾ। ਪਰ ਕਿੱਥੇ ??

ਇਹ ਜਵਾਬ ਨਾ ਓਹਨੂੰ ਓਸ ਵਕ਼ਤ ਓਥੇ ਮਿਲਣਾ ਤੇ ਨਾ ਤੁਹਾਨੂੰ।

ਹੁਣ ਤੁਸੀਂ ਕਹਿਣਾ ਕੇ ਇਹ ਕਯਾ ਸੀ ? ਇਹ ਓਹੀ ਸੀ , ਗੈਰੀ ਦਾ ਆਉਣ ਵਾਲਾ ਨਵਾ ਮੁਕਾਮ। ਤਾਂ ਵੇਖਦੇ ਹਾਂ ਅਪਾ ਦੋਨਾਂ ਦਾ ਮਿਲਾਪ ਤੇ ਰਿਸ਼ਤੇ ਨਾਤਿਆਂ ਨਾਲ ਭਾਰੀ ਇਸ ਗਾਥਾ ਨੂੰ ਵੀ।

ਇਕ ਸੁਫ਼ਨਾ।।

ਧੰਨਵਾਦ।।।।

ਹਿਤੇਸ਼ ਕੁਮਾਰ ਮੁਟਰੇਜਾ



Edit with WPS Office